# ਸਿੰਘਚ ਭੋਜਨੁ ਜੋ ਨਰੁ ਜਾਨੈ

**ਆਸਾ ॥**

**ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ॥**

**ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ॥**

ਇਹ ਸ਼ਬਦ, ਭਗਤ ਨਾਮਦੇਵ ਜੀ ਦਾ ਉਚਾਰਣ ਕੀਤਾ ਹੋਇਆ ਹੈ, ਜੋ ਰਾਗ ਆਸਾ ਵਿਚ, ਪੰਨਾ ੪੮੫ ਤੇ ਸੁਭਾਏਮਾਨ ਹੈ।

-- ਇਸ ਸ਼ਬਦ ਵਿਚ, ਭਗਤ ਨਾਮਦੇਵ ਜੀ ਫੁਰਮਾਣ ਕਰਦੇ ਹਨ ਕਿ ਸੱਪ ਆਪਣੀ ਕੁੰਜ, ਭਾਵ, ਬਾਹਰੀ ਕਪੜੇ ਤਾਂ ਬਦਲ ਲੈਂਦਾ ਹੈ ਪਰ ਆਪਣੇ ਅੰਦਰ ਰਖੀ ਹੋਈ ਜ਼ਹਿਰ ਨਹੀਂ ਛਡਦਾ। ਕਹਿਣ ਦਾ ਭਾਵ, ਸੱਪ ਭਾਵੇਂ ਕੁੰਜ ਬਦਲ ਤਾਂ ਬਦਲਦਾ ਹੈ, ਪਰ ਇਸ ਨਾਲ ਉਹ ਮਨੁਖ ਲਈ ਸੁਰੱਖਿਅਤ ਨਹੀਂ ਹੋ ਜਾਂਦਾ। ਉਸਦਾ ਜ਼ਹਿਰ ਤਾਂ ਬਰਕਰਾਰ ਰਹਿੰਦਾ ਹੈ।

-- ਇਹ ਕੰਮ ਬਗਲੇ ਦੀ ਨਿਆਈਂ ਹੈ, ਜੋ ਹੁੰਦਾ ਤਾਂ ਸੋਹਣਾ ਚਿੱਟਾ ਹੈ, ਜਿਵੇਂ, ਉਹ ਪਾਣੀ ਵਿਚ, ਇਕ ਲਤ ਤੇ, ਅੱਖਾਂ ਬੰਦ ਕਰ ਕੇ ਖਲੋਂਦਾ ਹੈ ਪਰ ਉਸ ਦਾ ਧਿਆਨ ਮੱਛੀ ਪਕੜਣ ਵਿਚ ਹੀ ਹੁੰਦਾ ਹੈ।੧।

ਬਾਹਰੀ ਭੇਖ ਬਣਾਉਣ ਅਤੇ ਦਿਖਾਵੇ ਦੇ ਧਰਮ ਕਰਮ ਕਰਣ ਦਾ ਕੀ ਲਾਭ, ਜੇ ਅੰਦਰ ਦੀ ਜ਼ਹਿਰ, ਅਉਗੁਣ ਉਂਵ ਦੇ ਉਂਵ ਰਹਿਣ। ਅੰਦਰੋਂ ਬੁਰੇ ਮਨੁਖ ਨੇ ਕਿਸੇ ਤਰ੍ਹਾਂ ਦੀ ਵੀ ਪੁਸ਼ਾਕ ਪਾਈ ਹੋਵੇ, ਜੇ ਉਸਦਾ ਅੰਦਰਲਾ ਸ਼ੁਧ ਨਹੀਂ ਤਾਂ ਉਹ ਧਰਮੀ ਨਹੀਂ ਕਿਹਾ ਜਾ ਸਕਦਾ। ਸ੍ਰੀ ਗੁਰੂ ਨਾਨਕ ਸਾਹਿਬ ਨੇ 'ਆਸਾ ਕੀ ਵਾਰ' ਵਿਚ ਅਜਿਹੇ ਪਖੰਡ ਦਾ ਪਾਜ ਉਖੇੜਿਆ ਹੈ। ਮਹਾਰਾਜ ਦਾ ਫੁਰਮਾਣ ਹੈ ਕਿ ਇਕ, ਉਪਰੋਂ ਨਮਾਜ਼ ਪੜ੍ਹਦੇ ਹਨ ਪਰ ਅੰਦਰ ਜ਼ਹਿਰ ਹੈ, ਜਿਸ ਨਾਲ ਮਨੁਖ ਮਾਤਰ ਨੂੰ, ਹਰ ਤਰੀਕੇ ਖਾਈ ਜਾਂਦੇ ਹਨ, ਦੂਜੇ, ਗਲ ਵਿਚ ਜਨੇਊ ਪਾ ਕੇ, ਮਜ਼ਲੂਮਾਂ ਤੇ ਛੁਰੀ ਚਲਾਈ ਜਾਂਦੇ ਹਨ। ਇਨ੍ਹਾਂ ਬ੍ਰਾਹਮਣਾਂ ਦੇ ਘਰ ਸੰਖ ਵਜਦੇ ਹਨ ਅਤੇ ਜ਼ੁਲਮਾਂ ਦੀ ਕਮਾਈ ਖਾਂਦੇ ਹਨ। ਮਥੇ ਤੇ ਟਿਕੇ ਲਗੇ ਹਨ, ਭਗਵੀਂ ਧੋਤੀ ਵੀ ਹੈ ਪਰ ਹਥ ਵਿਚ ਛੁਰੀ ਫ਼ੜ੍ਹ ਕੇ ਜਗਤ ਦੇ ਕਸਾਈ ਬਣੇ ਹੋਏ ਹਨ, ਕੋਹ, ਮਾਰ ਰਹੇ ਹਨ - 'ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲਿ ਤਾਗ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ॥ ਉਨ੍ਾ ਭਿ ਆਵਹਿ ਓਈ ਸਾਦ॥..ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥' ਪੰਨਾ ੭੨੯ ਤੇ ਫੁਰਮਾਣ ਕਰਦੇ ਹਨ ਕਿ ਬਗਲੇ ਦੀ ਪੋਸ਼ਾਕ ਵੀ ਚਿਟੀ ਹੁੰਦੀ ਹੈ, ਰਹਿੰਦਾ ਵੀ ਤੀਰਥਾਂ ਤੇ ਹੈ, ਪਰ, ਉਹ ਜੀਆਂ ਦੇ ਗਲੇ ਘੋਟ ਘੋਟ ਕੇ ਮਾਰ ਕੇ ਖਾ ਜਾਂਦਾ ਹੈ, ਇਸ ਲਈ ਉਸ ਨੂੰ, ਬੇ ਦਾਗ਼ ਜਾਂ ਸੁਥਰੇ ਨਹੀਂ ਕਹੇ ਜਾ ਸਕਦੇ - 'ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ॥ ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ॥' ਸਿਖ ਵੀ ਸੋਚ ਲੈਣ। ਕੁਝ ਕੁ ਪੰਕਤੀਆਂ ਦੇ ਮਨ ਮਰਜ਼ੀ ਦੇ ਅਰਥ ਕਰ ਲੈਣ ਨਾਲ ਜੀਭ ਦੇ ਸੁਆਦ ਲਈ ਕੀਤੀ ਜੀਵ ਹਤਿਆ ਵਾਜਬ ਨਹੀਂ ਠਹਿਰਾਈ ਜਾ ਸਕਦੀ।

ਭਗਤ ਕਬੀਰ ਜੀ ਨੇ ਵੀ ਓਪਰੇ ਧਰਮ ਦੇ ਚਿੰਨ੍ਹ ਧਾਰਣ ਕਰਣ ਅਤੇ ਚੰਗਿਆਈ ਦਾ ਦਿਖਾਵਾ ਕਰਦੇ ਹੋਏ, ਨੀਚ ਕੰਮ ਕਰਣ ਦੀ, ਤਿਖੇ ਸ਼ਬਦਾਂ ਵਿਚ ਅਲੋਚਨਾ ਕੀਤੀ ਹੈ। ਜਿਨ੍ਹਾਂ ਪੰਡਤਾਂ ਨੇ, ਸਾਢੇ ਤਿੰਨ ਤਿੰਨ ਗਜ਼ ਦੀਆਂ ਧੋਤੀਆਂ ਪਾ ਕੇ, ਗਲਿਆਂ ਵਿਚ ਮਾਲਾਵਾਂ ਪਾ ਕੇ, ਹਥ ਵਿਚ ਸਾਧੂਆਂ ਵਾਲੇ ਲੋਟੇ ਫੜ੍ਹੇ ਹੋਏ ਹਨ, ਪਰ ਅਜਿਹੇ ਅਖੌਤੀ ਸੰਤ ਵਾਹਗੁਰੂ ਨੂੰ ਨਹੀਂ

ਭਾਉਂਦੇ, ਜੋ ਟਹਿਣੀਆਂ ਨੂੰ ਮੂਲ ਸਮੇਤ ਖਾ ਜਾਂਦੇ ਹਨ, ਭਾਵ, ਮਨੁਖਾਂ ਨੂੰ ਜਾਨੋ ਮਾਰਣ ਵਿਚ ਵੀ ਗੁਰੇਜ਼ ਨਹੀਂ ਕਰਦੇ - 'ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥ ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ॥ ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥ ਐਸੇ ਸੰਤ ਨ ਮੋ ਕਉ ਭਾਵਹਿ॥ ਡਾਲਾ ਸਿਉ ਪੇਡਾ ਗਟਕਾਵਹਿ॥'
ਇਹ ਅਸੂਲ ਸਿਖਾਂ ਤੇ ਵੀ ਲਾਗੂ ਹਨ।

**ਕਾਹੇ ਕਉ ਕੀਜੈ ਧਿਆਨੁ ਜਪੰਨਾ॥**
**ਜਬ ਤੇ ਸੁਧੁ ਨਾਹੀ ਮਨੁ ਅਪਨਾ॥੧॥ਰਹਾਉ॥**

-- ਹੇ ਬੰਦਿਆ ਤੂੰ ਕਾਹਦੇ ਲਈ ਇਹ ਦਿਖਾਵੇ ਦਾ ਧਿਆਨ ਜੋੜ ਕੇ, ਜਾਪ ਕਰਣ ਦਾ ਢੌਂਗ ਕਰਦਾ ਹੈਂ। ਜਦ ਕਿ ਤੇਰਾ ਆਪਣਾ ਮਨ ਅਜੇ ਪਵਿਤਰ ਨਹੀਂ ਹੋਇਆ।੧।ਰਹਾਉ।

ਪਰਮਾਤਮਾ ਦਾ ਸਿਮਰਣ, ਧਿਆਨ ਇਸ ਲਈ ਧਰਿਆ ਜਾਂਦਾ ਹੈ ਕਿ ਉਸ ਨਾਲ ਇਕ ਮਿਕ ਹੋਇਆ ਜਾ ਸਕੇ। ਪਰ ਉਸ ਦੇ ਨਾਲ ਨਾਲ ਮਨੁਖ ਨੂੰ, ਕੁਝ ਕੁ ਗੁਣ ਧਾਰਣ ਕਰਨੇ ਹੁੰਦੇ ਹਨ, ਜੋ ਨੇਕ ਨੀਯਤ ਨਾਲ ਸਿਮਰਣ ਕਰਣ ਤੇ ਆਪੇ ਹੀ ਆ ਜਾਂਦੇ ਹਨ। ਪਰ ਜੇ ਨੀਯਤ ਵਿਚ ਖੋਟ ਹੋਵੇ ਤਾ ਕੋਈ ਸਿਮਰਣ, ਧਰਮ ਕਰਮ ਨਹੀਂ, ਸਭ ਨਿਸਫ਼ਲ। ਭਗਤ ਪਰਮਾਨੰਦ ਜੀ, ੧੨੫੩ ਪੰਨੇ ਤੇ, ਉਪਦੇਸ਼ ਦਿੰਦੇ ਹਨ ਕਿ ਧਰਮ ਗ੍ਰੰਥਾਂ ਦੇ ਪਾਠ ਪੜ੍ਹਣ ਅਤੇ ਬੰਦਗੀ ਕਰਣ ਦਾ ਕੀ ਲਾਭ, ਜੇ ਮਨੁਖ ਅੰਦਰ ਅਜਿਹੀ ਨਿਹਚਲ ਭਗਤੀ ਪੈਦਾ ਨਹੀਂ ਹੋਈ, ਜਿਸਦੇ ਨਾਲ ਤੇਰੇ ਅੰਦਰ ਦੂਜਿਆਂ ਦੇ ਮੂੰਹ ਵਿਚ ਅੰਨ ਪਾਉਣ ਵਾਲੀ ਰੱਬੀ ਰੀਝ ਪੈਦਾ ਹੋਈ ਹੋਵੇ। ਨਾ ਹੀ ਤੂੰ ਕਦੇ ਕਿਸੇ ਭੁਖੇ ਨੂੰ ਦਾਨ ਦਿਤਾ ਹੈ। ਤੇਰੇ ਅੰਦਰ, ਕਾਮ ਕਰੋਧ ਆਦਿ ਵਿਕਾਰ, ਉਂਞ ਦੇ ਉਂਞ ਪਏ ਹਨ। **ਪਰ ਦੀ ਨਿੰਦਾ ਵੀ ਨਹੀਂ ਛੁਟੀ, ਨਾ ਹੀ ਤੇਰੇ ਮਨ ਵਿਚੋਂ ਹਿੰਸਾ ਕਰਨ ਦੀ ਪ੍ਰਵਿਰਤੀ ਖਤਮ ਹੋਈ ਹੈ, ਨਾ ਹੀ ਤੇਰੇ ਅੰਦਰ ਜੀਵਾਂ ਤੇ ਦਇਆ ਕਰਨ ਦੀ ਰੁਚੀ ਬਣੀ ਹੈ !** ਇਸ ਕਰਕੇ ਤੇਰੀ ਭਗਤੀ ਨੂੰ ਫ਼ਲ ਨਹੀਂ ਲਗ ਸਕਦਾ - 'ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥ ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ॥ ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ॥ ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ॥' ਪਰ ਨਿੰਦਾ ਕਰ ਕਰ ਕੇ, ਅਜ ਦੇ ਮਹੌਲ ਵਿਚ ਮਹਾਤਮਾਵਾਂ ਦੀਆਂ ਵੀ ਵੰਡੀਆਂ ਪੈ ਚੁਕੀਆਂ ਹਨ ਅਤੇ 'ਪਰਾਏ' ਜਾਣ ਕੇ ਮਹਾਤਮਾਵਾਂ ਦੀ ਰੱਜ ਕੇ ਨਿੰਦਾ ਹੋ ਰਹੀ ਹੈ ਜਦ ਕਿ ਬਾਣੀ ਦਾ ਫ਼ੁਰਮਾਣ ਹੈ - 'ਹਿੰਦੂ ਤੁਰਕ ਕਾ ਸਾਹਿਬੁ ਏਕ॥' ਜੇ ਅਜ ਭਗਤ ਕਬੀਰ ਜੀ ਸਰੀਰ ਕਰਕੇ ਮੌਜੂਦ ਹੁੰਦੇ ਤਾਂ 'ਹਿੰਦੂ ਤੁਰਕ' ਦੇ ਨਾਲ '**ਸਿਖ**' ਸ਼ਬਦ ਵੀ ਜੋੜ ਦਿੰਦੇ।

**ਸਿੰਘਚ ਭੋਜਨੁ ਜੋ ਨਰੁ ਜਾਨੈ॥**
**ਐਸੇ ਹੀ ਠਗਦੇਉ ਬਖਾਨੈ॥੨॥**

-- ਜੋ ਮਨੁਖ, ਸ਼ੇਰਾਂ ਵਾਂਙ ਧਾਅ ਕੇ, ਹਮਲੇ ਨਾਲ ਹਿੰਸਾ ਵਾਲਾ ਭੋਜਨ ਕਰਨਾ ਜਾਣਦਾ ਹੈ ਜਾਂ ਆਦੀ ਹੈ, ਭਾਵ, ਜੋ ਮਨੁਖ, ਦੂਜੇ ਪ੍ਰਾਣੀਆਂ ਦੀ ਹਤਿਆ ਕਰ ਕੇ, ਭਾਵੇਂ, ਸ਼ੋਸ਼ਣ ਰੂਪੀ ਖੂਨ ਚੂਸ ਕੇ, ਦੂਜਿਆਂ ਦਾ ਹੱਕ ਖੋਹ ਕੇ ਰੋਜ਼ੀ ਕਮਾਉਂਦਾ ਹੈ

-- ਅਜਿਹੇ ਮਨੁਖਾਂ ਨੂੰ ਠਗਾਂ ਦੇ ਪੂਜਨੀਕ, ਉਸਤਾਦ ਕਹੀਦਾ ਹੈ।੨।

ਸ਼ੇਰ ਆਪਣੀ ਰੋਜ਼ੀ ਜ਼ੋਰ, ਜ਼ੁਲਮ ਅਤੇ ਛੱਲ ਨਾਲ ਪੈਦਾ ਕਰਦਾ ਹੈ। ਦੂਜੇ ਦੇ ਪ੍ਰਾਣ ਜਾਂ ਹਕ ਖੋਹ ਲੈਣ ਤੋਂ ਵਡੀ ਠਗੀ ਹੋਰ ਕਿਹੜੀ ਹੋ ਸਕਦੀ ਹੈ ! ਅਖਉਤੀ ਧਰਮੀ ਵੀ ਇਹ ਸਭ ਕੁਝ

ਕਰਦਾ ਹੈ।

ਭਗਤ ਪਰਮਾਨੰਦ ਜੀ, ੧੨੫੩ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਅਜਿਹੇ ਨਾਮ ਜਪੇ ਦਾ ਦਿਖਾਵਾ ਕਰਣ ਦਾ ਕੀ ਲਾਭ, ਜੇ ਮਨ ਤੋਂ, ਹਰ ਕਿਸਮ ਦੀ ਹਿੰਸਾ ਹੀ ਨਹੀਂ ਛੁਟੀ ਅਤੇ ਦੂਜੇ ਜੀਆਂ ਤੇ ਦਇਆ ਦੀ ਭਾਵਨਾ ਪੈਦਾ ਨਹੀਂ ਹੋਈ। ਇਹੋ ਜਿਹੇ ਮਨੁਖ ਦਾ ਸਾਧੂ ਦੀ ਸੰਗਤਿ ਕਰਦੇ ਹੋਏ ਨਾਮ ਜਪਣਾ ਵਿਅਰਥ ਹੈ - 'ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥..ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥ ਪਰਮਾਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ॥' ਧਰਮ ਤਾਂ ਹੈ ਹੀ ਦਇਆ ਦਾ ਪੁਤਰ, ਜੇ ਦਇਆ ਨਹੀਂ ਤਾਂ ਧਰਮ ਵੀ ਨਹੀਂ - 'ਧੌਲੁ ਧਰਮੁ ਦਇਆ ਕਾ ਪੂਤੁ॥'

ਭਗਤ ਕਬੀਰ ਜੀ ਤਾਂ ਇਹੋ ਜਿਹੇ ਹਿੰਸਾਤਮਕ 'ਧਰਮੀ' ਅਖਵਾਉਣ ਵਾਲੇ ਦੀ ਪੂਰੀ ਖਿਚਾਈ ਕਰਦੇ ਹਨ, ਚਾਹੇ ਉਹ ਹਿੰਦੂ ਅਖਵਾਏ ਜਾਂ ਮੁਸਲਮਾਨ। ਹਿੰਦੂ ਬਾਹਮਣ ਨੂੰ ਕਹਿੰਦੇ ਹਨ ਕਿ ਤੂੰ ਪਰਵਾਰ ਸਮੇਤ ਡੁਬੇਂਗਾ। ਤੂੰ ਜੀਆਂ ਦਾ ਸੰਘਾਰ ਕਰ ਕੇ, ਉਸ ਨੂੰ ਧਰਮ ਦੇ ਅਨੁਸਾਰ ਹੀ ਠਹਿਰਾਉਂਦਾ ਹੈਂ। ਕਤਲ ਕਰ ਕੇ ਆਪਣੇ ਆਪ ਨੂੰ ਸ੍ਰੇਸ਼ਟ ਮੁਨੀ ਜਾਂ ਭਗਤ ਸਦਾਉਂਦਾ ਹੈਂ ਤਾਂ ਫ਼ਿਰ ਕਸਾਈ ਕੌਣ ਹੋਇਆ, ਭਾਵ, ਤੂੰ ਕਸਾਈ ਹੀ ਤਾਂ ਹੈਂ - 'ਬੂਡਹੁਗੇ ਪਰਵਾਰ ਸਕਲ ਸਿਉ...॥ ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥ ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥', ਪੰਨਾ ੧੧੦੩. ਅਜ ਸਿਖੀ ਵਿਚ ਵੀ ਅਖਉਤੀ '**ਝਟਕਾ**' ਨੂੰ ਧਰਮ ਅਨੁਸਾਰੀ ਕਿਹਾ ਜਾ ਰਿਹਾ ਹੈ। ਦੁਨੀਆਂ ਦੇ ਕਿਸੇ ਵੀ ਕੋਨੇ ਦੀ ਅਦਾਲਤ, ਕਿਸੇ ਕਿਸਮ ਦੇ ਵੀ ਕਤਲ ਦੇ ਕੇਸ ਵਿਚ '**ਝਟਕੇ**' ਦੇ ਆਧਾਰ ਤੇ ਕਿਸੇ ਨੂੰ ਬਰੀ ਨਹੀਂ ਕਰਦੀ ਤਾਂ ਫ਼ਿਰ ਵਾਹਗੁਰੂ ਦੇ ਦਰਬਾਰ ਵਿਚ ਕਿਵੇਂ ਬਰੀ ਹੋ ਸਕੀਦਾ ਹੈ ! 'ਲੋਗਨ ਰਾਮੁ ਖਿਲਉਨਾ ਜਾਨਾਂ॥' ਵਾਲੀ ਹੀ ਗਲ ਹੈ।

ਭਗਤ ਕਬੀਰ ਜੀ ਫ਼ਿਰ ਮੁਸਲਮਾਣ ਦੀ ਖਿਚਾਈ ਕਰਦੇ ਹਨ ਕਿ ਜੇ ਤੂੰ ਕਹਿੰਦਾ ਹੈ ਕਿ ਸਭ ਵਿਚ ਖ਼ੁਦਾ ਵਸਦਾ ਹੈ ਤਾਂ ਖਾਣ ਲਈ, ਮੁਰਗੀ ਆਦਿ ਜਾਨਵਰਾਂ ਦੀ ਹਤਿਆ ਕਿਉਂ ਕਰਦਾ ਹੈਂ - 'ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥', ਪੰਨਾ ੧੨੫੩. ਮੁਸਲਮਾਣ ਨੂੰ ਹੀ ਹੋਰ ਕਹਿੰਦੇ ਹਨ ਕਿ ਇਕ ਪਾਸੇ ਤਾਂ ਤੂੰ ਅਲ੍ਹਾ ਨੂੰ ਖ਼ੁਸ਼ ਕਰਣ ਲਈ **ਰੋਜ਼ੇ** ਰਖਣ ਆਦਿ ਮਜ਼ਹਬ ਦੇ ਕੰਮ ਕਰਦਾ ਹੈਂ, ਦੂਜੇ ਪਾਸੇ ਆਪਣੀ ਜੀਭ ਦੇ ਸੁਆਦ ਲਈ ਜੀਆਂ ਦਾ ਕਤਲ ਕਰਦਾ ਹੈਂ। ਆਪਣਾ ਸੁਆਦ ਤਾਂ ਵੇਖ ਲਿਆ, ਉਸ ਜੀਵ ਦਾ ਦੁਖ ਨਹੀਂ ਜਾਣਿਆ। ਤੂੰ ਇਹੋ ਜਿਹੀਆਂ ਝੱਖਾਂ ਕਿਉਂ ਮਾਰਦਾ ਹੈਂ - 'ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ॥ ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ॥', ਪੰਨਾ ੪੮੩.

ਸ੍ਰੀ ਗੁਰੂ ਨਾਨਕ ਸਾਹਿਬ ਨੇ, ਪੰਨਾ ੧੪੦ ਤੇ ਫ਼ੁਰਮਾਣ ਕੀਤਾ ਹੈ ਕਿ ਜੇ ਜਾਮੇ, ਭਾਵ, ਕਪੜੇ ਨਾਲ ਖ਼ੂਨ ਲਗ ਜਾਏ ਤਾਂ ਉਸ ਨੂੰ ਅਪਵਿੱਤਰ ਮੰਨਿਆਂ ਜਾਂਦਾ ਹੈ ਪਰ ਜੋ ਮਨੁਖਾਂ ਦਾ ਹੀ ਖ਼ੂਨ ਪੀ ਜਾਂਦੇ ਹਨ, ਉਨ੍ਹਾਂ ਦਾ ਹਿਰਦਾ ਕਿਵੇਂ ਪਵਿਤਰ ਹੋ ਸਕਦਾ ਹੈ। ਇਹ ਖ਼ੂਨ ਦਾ ਪੀਣਾ, ਭਾਵੇਂ ਕਤਲ ਹੋਵੇ, ਭਾਵੇਂ ਸ਼ੋਸ਼ਣ, ਭਾਵੇਂ ਹੱਕ ਦਾ ਖੋਹਣਾ - 'ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥'

ਭਾਵ, ਇਹੀ ਹੈ ਕਿ ਹਿੰਸਾ ਵਾਲਾ ਭੋਜਨ ਕਮਾਉਣਾ, ਧਰਮੀ ਬੰਦੇ ਦਾ ਨਹੀਂ, ਸ਼ੇਰ ਵਰਗੇ ਖ਼ੂੰਖਾਰ, ਹਿੰਸਾਤਮਕ, ਜੰਗਲੀ ਜਾਨਵਰ ਦਾ ਕੰਮ ਹੈ।

**ਨਾਮੇ ਕੇ ਸੁਆਮੀ ਲਾਹਿ ਲੇ ਝਗਰਾ॥**
**ਰਾਮ ਰਸਾਇਨ ਪੀਓ ਰੇ ਦਗਰਾ॥੩॥੪॥**

ਦੂਜਾ ਤੇ ਤੀਜਾ ਬੰਦ ਰਲਾ ਕੇ ਸਮਝਣ ਦੀ ਲੋੜ ਹੈ।

– – ਭਗਤ ਨਾਮਦੇਵ ਜੀ ਫੁਰਮਾਣ ਕਰਦੇ ਹਨ ਕਿ ਮੇਰੇ ਸੁਆਮੀ ਮਾਲਕ ਨੇ ਤਾਂ ਮੇਰੇ ਭਾਣੇ, ਇਹ ਝਗੜਾ ਹੀ ਮੁਕਾ ਦਿਤਾ ਹੈ, ਹੇ ਪਖੰਡੀ, ਕਰਮ ਕਾਂਡੀ ਤੂੰ ਵੀ ਇਹ ਝਗੜਾ ਨਿਬੇੜ।

ਇੰਵ ਗੁਰਮਤਿ ਨੇ ਤਾਂ ਨਿਰਨਾ ਸੁਣਾਇਆ ਹੋਇਆ ਹੈ ਪਰ ਜਿਨ੍ਹਾਂ ਨੂੰ ਜੀਭ ਦਾ ਚਸਕਾ ਲਗਿਆ ਹੋਇਆ ਹੈ ਉਹ ਕੁਝ ਸ਼ਬਦਾਂ ਦੇ ਗਲਤ ਅਰਥਾਂ ਦੀ ਆੜ ਲੈ ਕੇ ਆਪਣਾ ਸੁਆਦ ਕਾਇਮ ਰਖ ਰਹੇ ਹਨ ਅਤੇ ਕਹਿੰਦੇ ਹਨ ਕਿ ਗੁਰੂ ਸਾਹਿਬ ਨੇ 'ਮਾਸੁ ਮਾਸੁ ਕਰਿ ਮੂਰਖੁ ਝਗੜੇ' ਕਿ ਅਖੇ ਗੁਰੂ ਸਾਹਿਬ ਨੇ ਝਗੜੇ ਵਿਚ ਨਾ ਪੈ ਕੇ ਮਾਸ ਖਾਣ ਜਾਂ ਨਾ ਖਾਣ ਦੀ ਖੁਲ ਦਿਤੀ ਹੈ, ਕਿ ਅਖੇ ਸਾਗ ਤੇ ਮਾਸ ਤਾਂ ਇਕ ਹੀ ਹਨ, ਵਗੈਰਾ ਵਗੈਰਾ। ਪਰ ਅਸਲ ਝਗੜਾ ਤਾਂ ਸਪੱਸ਼ਟ ਸ਼ਬਦਾਂ ਵਿਚ ਇਥੇ ਭਗਤ ਜੀ ਨਿਬੇੜ ਰਹੇ ਹਨ ਕਿ ਹਿੰਸਕ ਭੋਜਨ ਖਾਣ ਵਾਲਾ ਤੇ ਖਾਣ ਦੇ ਹੱਕ ਵਿਚ ਬਹਿਸ ਛੇੜਨ ਵਾਲਾ, **ਬਖਾਨ** ਕਰਨ ਵਾਲਾ ਤਾਂ ਠਗਾਂ ਦਾ ਸਰਦਾਰ, ਮੁਖੀਆ, '**ਠਗਦੇਉ**' ਹੈ, ਉਹ ਜੀਵ ਤੋਂ ਜੀਵਨ ਦਾ ਮੌਲਿਕ ਹੱਕ ਹੀ ਖੋਹ ਰਿਹਾ ਹੈ

ਭਗਤ ਕਬੀਰ ਜੀ ਅਨੁਸਾਰ ਉਨ੍ਹਾਂ ਨੇ ਤੇ ਉਨ੍ਹਾਂ ਵਰਗੇ ਸਭ ਭਗਤਾਂ ਨੇ ਤਾਂ ਪੁਰੋਹਿਤ ਵਰਗ, priestly class ਦਾ ਖਹਿੜਾ ਹੀ ਛਡ ਦਿਤਾ ਜਿਸ ਨਾਲ ਸਾਰੇ ਝਗੜੇ ਹੀ ਮੁਕ ਗਏ। ਜੋ ਵੀ ਰਹਿਤ ਮਰਿਆਦਾ ਕਿਸੇ ਵੀ ਧਰਮ ਦੇ ਪੁਜਾਰੀ ਵਰਗ (priestly class) ਨੇ ਤਿਆਰ ਕਰ ਕੇ ਲਿਖੀ ਹੈ ਉਹ ਅਸੀਂ, ਭਾਵ ਮੈਂ ਅਤੇ ਮੇਰੇ ਵਰਗੇ ਸਭ ਭਗਤ ਜਨਾਂ ਨੇ ਸਭ ਛਡ ਦਿਤੀ ਤੇ ਕੁਝ ਵੀ ਅਜਿਹਾ ਆਪਣੇ ਨਾਲ ਨਹੀਂ ਰਖਿਆ – 'ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥..ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨਾ ਲੀਆ॥', ਪੰਨਾ ੧੧੫੯. ਪਰ ਅਜ ਥਾਂ ਥਾਂ ਇਹੀ ਲੋਕ ਹਨ, ਅਤੇ ਅਜਿਹੀਆਂ ਅਖਉਤੀ ਮਰਿਆਦਾਵਾਂ ਦੇ ਢੇਰ ਲਗੇ ਪਏ ਹਨ !

– – ਇਕੋ ਇਕ ਢੰਗ ਹੈ, ਅਸਲ ਰਾਹ ਹੈ, ਮੈਂ ਤਾਂ ਰਾਮ ਨਾਮ ਦਾ ਰੱਟਾ ਲਾਉਂਦਾ ਹਾਂ ਜੋ ਅਸਲ ਔਸ਼ਧੀ ਹੈ। ਜੇ ਤੂੰ ਅਧਿਤਮਕ ਰਾਹ ਦਾ ਪਾਂਧੀ ਹੈਂ ਤਾਂ ਤੂੰ ਵੀ ਇਹੀ ਰਾਮ ਨਾਮ ਰੂਪੀ ਔਸ਼ਧੀ, ਦਵਾਈ ਪੀ, ਰਾਮ ਨਾਮ ਦਾ ਰੱਟਾ ਲਗਾ ਅਤੇ ਜੀਭ ਦੇ ਸੁਆਦ, ਚਸਕੇ ਛੱਡ।
ਆਓ ਸਾਰੇ ਬਖੇੜੇ ਛੱਡੀਏ ਅਤੇ **ਵਾਹਗੁਰੂ ਵਾਹਗੁਰੂ...** ਸਿਮਰਣ ਕਰੀਏ। ਇਹੀ ਤੱਤ ਦੀ ਗਲ ਹੈ। ਜਿਵੇਂ ਭਗਤ ਕਬੀਰ ਜੀ ਦੇ ਵਾਕ ਹਨ – 'ਕਹੁ ਕਬੀਰ ਅਖਰ ਦੁਇ ਭਾਖਿ॥ ਹੋਇਗਾ ਖਸਮੁ ਤਾ ਲੇਇਗਾ ਰਾਖਿ॥' ਅੰਕ ੩੨੯.

